# ਰੋਜਾਨਾ ਕਰਾਇਮ ਰਿਪੋਰਟ ਮਿਤੀ 09.07.2024

| ਲੜੀ ਨੰ | ਥਾਣਾ | ਮੁਕੱਦਮਾ ਨੰਬਰ, ਮਿਤੀ ਅਤੇ ਜੁਰਮ | ਬਾਹੱਦ ਰਕਬਾ | ਮੁਦੱਈ ਦਾ ਨਾਮ, ਪਤਾ | ਦੋਸ਼ੀ ਦਾ ਨਾਮ | ਗ੍ਰਿਫਤਾਰੀ | ਸੰਖੇਪ ਹਾਲਾਤ | ਬ੍ਰਾਮਦਗੀ | ਤਫਤੀਸ਼ੀ ਅਫਸਰ ਦਾ ਨਾਮ |
|---|---|---|---|---|---|---|---|---|---|
| 1 | ਕੋਟਭਾਈ | 93 ਮਿਤੀ 08.07.2024 ਅ/ਧ 106(1) BNS | ਪਿੰਡ ਭਲਾਈਆਣਾ | ਅੰਗਰੇਜ ਸਿੰਘ ਪੁੱਤਰ ਜਗਦੇਵ ਸਿੰਘ ਵਾਸੀ ਪਿੰਡ ਭਲਾਈਆਣਾ | ਨਾਮਲੂਮ ਵਿਅਕਤੀ | ਬਾਕੀ ਹੈ। | ਸੰਖੇਪ ਹਾਲਾਤ ਮੁਕੱਦਮਾ ਇਸ ਪ੍ਰਕਾਰ ਹਨ ਕਿ ਮੁਦਈ ਅਤੇ ਉਸਦਾ ਦਾਦਾ ਮਿਤੀ 07.07.2024 ਨੂੰ ਵਕਤ ਕਰੀਬ 9 ਵਜੇ ਰਾਤ ਰੋਟੀ ਪਾਣੀ ਖਾ ਕੇ ਘਰੋ ਬਾਹਰ ਤੁਰਨ ਫਿਰਨ ਗਏ ਸੀ ਅਤੇ ਉਸਦਾ ਬਾਪ ਜਗਦੇਵ ਸਿੰਘ @ ਧੀਰਾ ਵੀ ਮੰਡੀ ਵਾਲੇ ਅੱਡੇ ਕੋਲ ਹੀ ਮਿਲ ਗਿਆ ਅਤੇ ਸਾਡੇ ਅੱਗੇ ਅੱਗੇ ਘਰ ਨੂੰ ਤੁਰ ਪਿਆ ਤੇ ਉਸਦੇ ਪਿੱਛੇ ਹੀ ਮੁਦੱਈ ਅਤੇ ਉਸਦਾ ਦਾਦਾ ਤੇਜਾ ਸਿੰਘ ਵੀ ਘਰ ਨੂੰ ਤੁਰ ਪਏ ਜਦ ਉਸਦਾ ਬਾਪ ਜਗਦੇਵ ਸਿੰਘ @ ਧੀਰਾ ਉਹਨਾਂ ਤੋ 8/10 ਕਰਮਾਂ ਅੱਗੇ ਗਿਆ ਤਾਂ ਪਿੱਛੋ ਇਕ ਟਰੈਕਟਰ ਮੇਨ ਸੜਕ ਤੋ ਤੇਜ ਰਫਤਾਰ ਵਿਚ ਆਇਆ ਜਿਸਦੇ ਡਰਾਇਵਰ ਨੇ ਟਰੈਕਟਰ ਲਾਪ੍ਰਵਾਹੀ ਨਾਲ ਚਲਾ ਕੇ ਟਰੈਕਟਰ ਮੇਰੇ ਬਾਪ ਜਗਦੇਵ ਸਿੰਘ ਵਿਚ ਮਾਰਿਆ ਜਿਸ ਨਾਲ ਉਸਦੇ ਬਾਪ ਜਗਦੇਵ ਸਿੰਘ ਦੇ ਸੱਜੀ ਅੱਖ ਥੱਲੇ ਤੇ ਸੱਜੇ ਕੰਨ ਤੇ ਡੂੰਘੀਆ ਸੱਟਾਂ ਵੱਜ ਗਈਆ ਤੇ ਖੂਨ ਨਿਕਲਣ ਲੱਗ ਗਿਆ ਤੇ ਟਰੈਕਟਰ ਡਰਾਇਵਰ ਮੌਕਾ ਤੋ ਟਰੈਕਟਰ ਬੈਕ ਕਰਕੇ ਭਜਾ ਕੇ ਲੈ ਗਿਆ ਨਾ ਮਲੂਮ ਟਰੈਕਟਰ ਡਾਇਵਰ ਨੂੰ ਜਿਸਨੂੰ ਉਹ ਸਾਹਮਣੇ ਆਉਣ ਤੇ ਪਹਿਚਾਣ ਸਕਦਾ ਹਾਂ । ਫਿਰ ਮੁਦਈ ਸਮੇਤ ਪਰਿਵਾਰਕ ਮੈਬਰਾਂ ਦੇ ਆਪਣੇ ਬਾਪ ਜਗਦੇਵ ਸਿੰਘ ਨੂੰ ਕਾਰ ਵਿਚ ਪਾ ਕੇ ਇਲਾਜ ਲਈ ਬਠਿੰਡਾ ਲੈ ਕੇ ਜਾ ਰਹੇ ਸੀ ਤਾਂ ਕੋਠੇ ਛੱਪੜੀ ਵਾਲੇ ਕੋਲ ਮੇਰੇ ਬਾਪ ਦੀ ਮੌਤ ਹੋ ਗਈ। ਜਿਸਤੇ ਉਕਤ ਮੁਕੱਦਮਾ ਰਜਿਸਟਰ ਦਰਜ ਰਜਿਸਟਰ ਕੀਤਾ ਗਿਆ। | -- | ਸ:ਥ: ਜਗਦੀਸ਼ ਸਿੰਘ |
| 2 | ਸਦਰ ਸਮਸ | 129 ਮਿਤੀ 08.07.2024 ਅ/ਧ 15C/61/85 NDPS ACT | ਚੱਕ ਕਾਲੇ ਸਿੰਘ ਵਾਲਾ | ਸ:ਥ: ਜਸਵੀਰ ਸਿੰਘ | 1.ਸੁਖਦੇਵ ਸਿੰਘ ਉਰਫ ਸੁੱਖਾ ਪੁੱਤਰ ਮੰਗਲ ਸਿੰਘ ਪੁੱਤਰ ਲਾਭ ਸਿੰਘ ਵਾਸੀ ਪਿੰਡ ਚੱਕ ਮੇਘਾ ਵਿਰਾਨ, ਥਾਣਾ ਲੱਖੋਕੇ ਬਹਿਰਾਮ, ਜਿਲ੍ਹਾ ਫਿਰੋਜਪੁਰ<br>2.ਗੁਰਨਾਮ ਸਿੰਘ ਉਰਫ ਗਾਮਾ ਪੁੱਤਰ ਜੱਗਾ ਸਿੰਘ ਪੁੱਤਰ ਬੱਗਾ ਸਿੰਘ ਵਾਸੀ ਪਿੰਡ ਢਾਣੀ ਬੰਤਾ ਸਿੰਘ, ਮੋਹਨਕੇ ਉਤਾੜ, ਥਾਣਾ ਗੁਰੂਹਰਸਹਾਏ, ਜਿਲ੍ਹਾ ਫਿਰੋਜਪੁਰ | ਹੋ ਚੁੱਕੀ ਹੈ। | ਸੰਖੇਪ ਹਾਲਾਤ ਮੁਕੱਦਮਾ ਇਸ ਪ੍ਰਕਾਰ ਹਨ ਕਿ ਸ:ਥ: ਜਸਵੀਰ ਸਿੰਘ ਨੰ 870/ਸਮਸ ਸਮੇਤ ਸਾਥੀ ਕਰਮਚਾਰੀਆ ਦੇ ਬਰਾਏ ਗਸ਼ਤ ਵਾ ਚੈਕਿੰਗ ਸ਼ੱਕੀ ਪੁਰਸ਼ਾਂ ਦੇ ਸਬੰਧ ਵਿੱਚ ਚੱਕ ਕਾਲਾ ਸਿੰਘ ਵਾਲੇ ਤੋਂ ਰੋੜਾ ਵਾਲੀ ਪਰ ਜਾਂਦੀ ਸੜਕ ਪਰ ਪੁੱਲ ਸੂਆ ਤੇ ਨਾਕਾ ਬੰਦੀ ਕੀਤੀ ਹੋਈ ਸੀ ਤਾ ਚੱਕ ਕਾਲਾ ਸਿੰਘ ਵਾਲੀ ਸਾਈਡ ਤੋਂ ਇੱਕ ਕਾਰ ਆਉਦੀ ਦਿਖਾਈ ਦਿੱਤੀ। ਜਿਸ ਨੂੰ ਚੈਕ ਕਰਨ ਲਈ ਰੋਕਿਆ ਗਿਆ ਤਾਂ ਕਾਰ ਵਿੱਚ ਦੋ ਮੋਨੇ ਨੋਜਵਾਨ ਇੱਕ ਡਰਾਇਵਰ ਅਤੇ ਇੱਕ ਕੰਡਕਟਰ ਸੀਟ ਪਰ ਬੈਠੇ ਸਨ, ਤਾਂ ਕਾਰ ਚਾਲਕ ਨੇ ਕਾਰ ਮਾਰਕਾ ਵਰਨਾ ਰੰਗ ਚਿੱਟਾ ਨੰਬਰੀ DL-4CAQ-7523 ਨੂੰ ਸਾਈਡ ਤੇ ਰੋਕ ਕੇ ਬਾਰੀ ਖੋਹਲ ਕੇ ਭੱਜਣ ਲੱਗੇ ਤਾਂ ਸ:ਥ ਜਸਵੀਰ ਸਿੰਘ ਨੇ ਸਾਥੀ ਕਰਮਚਾਰੀਆ ਦੀ ਮੱਦਦ ਨਾਲ ਕਾਬੂ ਕਰ ਲਿਆ ਤੇ ਦੋਨੋ ਮੋਨੇ ਨੋਜਵਾਨਾ ਸੁਖਦੇਵ ਸਿੰਘ ਉਰਫ ਸੁੱਖਾ ਅਤੇ ਗੁਰਨਾਮ ਸਿੰਘ ਉਰਫ ਗਾਮਾ ਉਕਤਾਨ ਨੂੰ ਕਾਬੂ ਕਰਕੇ ਸ੍ਰੀ ਜਸਪਾਲ ਸਿੰਘ ਪੀ.ਪੀ.ਐਸ. ਉਪ ਕਪਤਾਨ ਪੁਲਿਸ (ਡੀ) ਸ੍ਰੀ ਮੁਕਤਸਰ ਸਾਹਿਬ ਜੀ ਹਾਜਰੀ ਵਿੱਚ 05 ਗੱਟੇ ਪਲਾਸਟਿਕ ਹਰੇਕ ਗੱਟੇ ਵਿੱਚ 17/17 ਕਿਲੋਗ੍ਰਾਮ ਭੁੱਕੀ ਚੂਰਾ ਪੋਸਤ ਕੁੱਲ 85 ਕਿਲੋਗ੍ਰਾਮ ਭੁੱਕੀ ਚੂਰਾ ਪੋਸਤ ਬ੍ਰਾਮਦ ਕਰਕੇ ਸੁਖਦੇਵ ਸਿੰਘ ਉਰਫ ਸੁੱਖਾ ਅਤੇ ਗੁਰਨਾਮ ਸਿੰਘ ਉਰਫ ਗਾਮਾ ਉਕਤਾਨ ਖਿਲਾਫ ਮੁਕੱਦਮਾ ਉਕਤ ਦਰਜ ਰਜਿਸਟਰ ਕੀਤਾ ਗਿਆ ਹੈ। | 85 ਕਿਲੋਗ੍ਰਾਮ ਭੁੱਕੀ ਚੂਰਾ ਪੋਸਤ | ਸ:ਥ: ਜਸਵੀਰ ਸਿੰਘ |
| 3 | ਲੰਬੀ | 105 ਮਿਤੀ 08.07.2024 ਅ/ਧ 21B/61/85 NDPS ACT | ਪਿੰਡ ਮਿੱਡੂ ਖੇੜਾ | ਇਤਲਾਹ ਵੱਲੋ:-ਸ;ਥ ਅਮ੍ਰਿਤਪਾਲ ਸਿੰਘ | ਗੁਰਿੰਦਰ ਸਿੰਘ ਉਰਫ ਗੁਰੀ ਪੁੱਤਰ ਬਲਵੀਰ ਸਿੰਘ ਵਾਸੀ ਮਿੱਡੂ ਖੇੜਾ ਜਿਲਾ ਸ੍ਰੀ ਮੁਕਤਸਰ ਸਾਹਿਬ | ਹੋ ਚੁੱਕੀ ਹੈ। | ਸੰਖੇਪ ਹਾਲਤ ਮੁਕੱਦਮਾ ਇਸ ਪ੍ਰਕਾਰ ਹਨ ਕਿ ਇਕ ਲਿਖਤੀ ਇਤਲਾਹ ਵੱਲੋ ASI ਅਮ੍ਰਿਤਪਾਲ ਸਿੰਘ 872/SMS ਵੱਲੋ ਥਾਣਾ ਲੰਬੀ ਭੇਜੀ ਗਈ ਸੀ ਕਿ ASI ਅਮ੍ਰਿਤਪਾਲ ਸਿੰਘ 872/SMS ਸਮੇਤ ਸਾਥੀ ਕ੍ਰਮਚਾਰੀਆ ਦੇ ਗਸਤ ਵਾ ਚੈਕਿੰਗ ਸ਼ੱਕੀ ਪੁਰਸ਼ਾ ਦੇ ਪਿੰਡ ਘੁਮਿਆਰਾ ਤੇ ਕੱਖਾਂਵਾਲੀ ਨੂੰ ਜਾ ਰਹੇ ਸੀ ਤਾਂ ਜਦ ਪੁਲਿਸ ਪਾਰਟੀ ਬਾ ਹੱਦ ਰਕਬਾ ਪਿੰਡ ਮਿੱਡੂ ਖੇੜਾ ਜੋੜੀਆ ਨਹਿਰਾਂ ਦੇ ਪੁਰਾਣੇ ਪੁੱਲ ਪਾਸ ਮੌਜੂਦ ਸੀ ਤਾਂ ਸਾਹਮਣੇ ਤੇ ਇੱਕ ਮੋਨਾ ਨੌਜਵਾਨ ਇੱਕ ਬਿਨਾਂ ਨੰਬਰੀ ਮੋਟਰਸਾਇਕਲ ਪਰ ਆ ਰਿਹਾ ਸੀ ਜਿਸਨੂੰ ASI ਅਮ੍ਰਿਤਪਾਲ ਸਿੰਘ 872/SMS ਨੇ ਸ਼ੱਕ ਦੀ ਬਿਨਾਹ ਤੇ ਰੁੱਕਣ ਦਾ ਇਸ਼ਾਰਾ ਕੀਤਾ ਜੋ ਪੁਲਿਸ ਪਾਰਟੀ ਨੂੰ ਵੇਖ ਕੇ ਇੱਕਦਮ ਘਬਰਾ ਕੇ ਆਪਣਾ ਮੋਟਰਸਾਇਕਲ ਪਿੱਛੇ ਵੱਲ ਨੂੰ ਮੋੜਨ ਲੱਗਾ ਤਾਂ ਉਸਦਾ ਮੋਟਰਸਾਇਕਲ ਬੰਦ ਹੋ ਗਿਆ ਜਿਸਨੂੰ ASI ਅਮ੍ਰਿਤਪਾਲ ਸਿੰਘ 872/SMS ਨੇ ਸਾਥੀ ਕਰਮਚਾਰੀਆ ਦੀ ਮਦਦ ਨਾਲ ਕਾਬੂ ਕੀਤਾ। ਜਿਸਦੇ ਬਿਨਾ ਨੰਬਰੀ ਮੋਟਰਸਾਇਕਲ ਮਾਰਕਾ ਹੀਰੋ ਸਪਲੇਡਰ ਪਲੱਸ ਰੰਗ ਸਿਲਵਰ ਦੀ ਹੈੱਡ ਲਾਈਟ ਦੇ ਕਵਰ ਵਿੱਚ ਇੱਕ ਪਾਰਦਰਸ਼ੀ ਮੋਮੀ ਲਿਫਾਫਾ ਪਿਆ ਦਿਖਾਈ ਦਿੱਤਾ ਜਿਸ ਵਿੱਚ ਕੋਈ ਨਸ਼ੀਲੀ ਵਸਤੂ ਜਾਪਦੀ ਹੈ।ਜਿਸ ਤੇ ਸ:ਥ ਸੁਖਪਾਲ ਸਿੰਘ ਨੰ:632/ਮੋਗਾ ਨੇ ਮੋਕਾ ਪਰ ਪੁੱਜ ਕੇ ਕਾਰਵਾਈ ਕਰਦੇ ਹੋਏ ਤਲਾਸੀ ਕੀਤੀ ਤਾ ਉਸ ਪਾਸੋ 20 ਗ੍ਰਾਮ ਹੈਰੋਇਨ ਬ੍ਰਾਮਦ ਹੋਈ ਹੋਈ ।ਜਿਸ ਤੇ ਮੁਕੱਦਮਾ ਉਕਤ ਦਰਜ ਰਜਿਸਟਰ ਕੀਤਾ ਗਿਆ ਹੈ। | 20 ਗ੍ਰਾਮ ਹੈਰੋਇਨ ਅਤੇ ਇੱਕ ਮੋਟਰਸਾਇਕਲ ਹੀਰੋ ਸਪਲੈਂਡਰ ਪੱਲਸ ਰੰਗ ਸਿਲਵਰ ਬਿਨਾ ਨੰਬਰੀ | ਸ:ਥ ਸੁਖਪਾਲ ਕੁਮਾਰ |

| | | | | | | | | | |
|---|---|---|---|---|---|---|---|---|---|
| 4 | ਲੰਬੀ | 106 ਮਿਤੀ 08.07.2024 ਅ/ਧ 22C/61/85 NDPS ACT | ਪਿੰਡ ਸਿੱਖਵਾਲਾ | SI ਧਰਮਵੀਰ ਸਿੰਘ | 1.ਯਾਦਵਿੰਦਰ ਸਿੰਘ ਉਰਫ ਜੱਜ ਪੁੱਤਰ ਸਾਹਬ ਸਿੰਘ ਵਾਸੀ ਪਿੰਡ ਫਤਿਹਪੁਰ ਮਨੀਆ,<br>2.ਜਸਵੰਤ ਸਿੰਘ ਉਰਫ ਬੱਬੀ ਪੁੱਤਰ ਸੁਰਜੀਤ ਸਿੰਘ ਵਾਸੀ ਪਿੰਡ ਫਤਿਹਪੁਰ ਮਨੀਆ,<br>3. ਜੱਜ ਸਿੰਘ ਪੁੱਤਰ ਸੁਖਪਾਲ ਸਿੰਘ ਵਾਸੀ ਪਿੰਡ ਤੱਪਾ ਖੇੜਾ<br>4.ਹੁਸਨਦੀਪ ਸਿੰਘ ਉਰਫ ਹੁਸਨ ਪੁੱਤਰ ਗੋਰਾ ਸਿੰਘ ਵਾਸੀ ਪਿੰਡ ਚੰਨੂ | ਹੋ ਚੁੱਕੀ ਹੈ। | ਸੰਖੇਪ ਹਾਲਤ ਮੁਕੱਦਮਾ ਇਸ ਪ੍ਰਕਾਰ ਹਨ ਕਿ ਇੱਕ ਰੁੱਕਾ ਵੱਲੋ SI ਧਰਮਵੀਰ ਸਿੰਘ 467/ਸਮਸ ਥਾਣਾ ਮੌਸੂਲ ਹੋਇਆ ਕਿ ਸਮੇਤ ਪੁਲਿਸ ਪਾਰਟੀ ਦੇ ਗਸ਼ਤ ਵਾ ਚੈਕਿੰਗ ਸ਼ੱਕੀ ਪੁਰਸ਼ਾਂ ਦੇ ਸਬੰਧ ਵਿੱਚ ਪਿੰਡ ਲੰਬੀ, ਪੰਜਾਵਾ, ਸਿੱਖਵਾਲਾ, ਫਤੂਹੀਖੇੜਾ ਆਦਿ ਨੂੰ ਜਾ ਰਹੇ ਸੀ ਤਾਂ ਜਦ ਪੁਲਿਸ ਪਾਰਟੀ ਪੁੱਲ ਸੂਆ ਬਾਹੱਦ ਪਿੰਡ ਸਿੱਖਵਾਲਾ ਤੋ ਥੋੜਾ ਪਿੱਛੇ ਸੀ ਤਾਂ ਸੜਕ ਦੇ ਖੱਬੇ ਪਾਸੇ ਚਾਰ ਮੋਨੇ ਨੋਜਵਾਨ ਲਿਫਾਫਾ ਮੋਮੀ ਰੰਗ ਚਿੱਟਾ ਦੀ ਫਰੋਲਾ-ਫਰਾਲੀ ਕਰਦੇ ਬੈਠੇ ਦਿਖਾਈ ਦਿੱਤੇ। ਜੋ ਪੁਲਿਸ ਪਾਰਟੀ ਨੂੰ ਦੇਖ ਕੇ ਇੱਕਦਮ ਘਬਰਾ ਕੇ ਲਿਫਾਫਾ ਮੋਮੀ ਰੰਗ ਚਿੱਟਾ ਸਮੇਤ ਖੜੇ ਹੋ ਗਏ ਅਤੇ ਮੋਕਾ ਤੋ ਖਿਸਕਣ ਲੱਗੇ ਤਾਂ ਪੁਲਿਸ ਪਾਰਟੀ ਨੇ ਸ਼ੱਕ ਦੀ ਬਿਨਾਹ ਪਰ ਚਾਰੇ ਨੋਜਵਾਨਾ ਨੂੰ ਕਾਬੂ ਕੀਤਾ। ਉਹਨਾ ਪਾਸੋ ਬ੍ਰਾਮਦਾ ਲਿਫਾਫਾ ਦੀ ਤਲਾਸੀ ਕੀਤੀ ਤਾ ਉਸ ਵਿੱਚ 04 ਪੱਤੇ ਨਸ਼ੀਲੀਆ ਗੋਲੀਆ ਮਾਰਕਾ Etizolam Tablets IP 0.5 mg Lam ET 0.5 ਹਰੇਕ ਪੱਤੇ ਵਿੱਚ 15-15 ਨਸ਼ੀਲੀਆ ਗੋਲੀਆ ਕੁੱਲ 60 ਨਸ਼ੀਲੀਆ ਗੋਲੀਆ ਜੋ ਸਾਰੇ ਪੱਤਿਆ ਦਾ ਬੈਚ ਨੰਬਰ B.No. ARTN-1007, MFG MAR.2024, EXP. FEB.2026 ਬ੍ਰਾਮਦ ਹੋਈਆ ।ਜਿਸ ਤੇ ਮੁਕੱਦਮਾ ਉਕਤ ਦਰਜ ਰਜਿਸਟਰ ਕੀਤਾ ਗਿਆ ਹੈ। | 60 ਨਸ਼ੀਲੀਆ ਗੋਲੀਆ | SI ਧਰਮਵੀਰ ਸਿੰਘ |

ਸਹੀ/-
ਇੰਚਾਰਜ ਪੀ.ਸੀ.ਆਰ
ਸ੍ਰੀ ਮੁਕਤਸਰ ਸਾਹਿਬ